2022/23 ਲਈ ਡ੍ਰਾਫਟ ਦਾ ਬੱਜਟ ਤੇ ਇਹਦੀ ਤਰਜੀਹ

ਆਪਾਂ ਜਾਣਦੇ ਹੀ ਹਾਂ ਕਿ ਕੋਵਿਡ ਕਰਕੇ ਕਿੰਨੀਆਂ ਰੁਕਾਵਟਾਂ ਆਈਆਂ ਅਤੇ ਸਰਕਾਰ ਦੇ ਦੂਜੇ ਪੱਧਰ ਲਗਾਤਾਰ ਲਾਗਤ ਬਦਲਦੇ ਆਏ ਹਨ, ਪਰ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਵੀ ਕੇਸੀ ਸ਼ਹਿਰ ਨੇ ਜਰੂਰੀ ਰਣਨੀਤਕ ਦਸਤਾਵੇਜ਼ਾਂ ਦੀ ਇੱਕ ਲੜੀ ਜਾਰੀ ਕੀਤੀ ਹੈ ਜਿਨ੍ਹਾਂ ਵਿੱਚ *ਡ੍ਰਾਫਟ ਬੱਜਟ 2022/23 ਅਤੇ ਡ੍ਰਾਫਟ* ਸਾਲਾਨਾ ਐਕਸ਼ਨ ਪਲੈਨ 2022/23 ਸ਼ਾਮਲ ਹਨ, ਇਨ੍ਹਾਂ 'ਚ ਦੱਸਿਆ ਗਿਆ ਹੈ ਕਿ ਹਰੇਕ ਭਾਈਚਾਰੇ ਨੂੰ ਨਾਲ ਰੱਖਦੇ ਹੋਏ ਸ਼ਹਿਰ ਦੇ ਭਵਿੱਖ 'ਚ ਕਿਸ ਤਰ੍ਹਾਂ ਨਿਵੇਸ਼ ਕਰਨਾ ਹੈ।

ਮੰਗਲਵਾਰ, 19 ਅਪ੍ਰੈਲ 2022 ਨੂੰ ਆਪਣੀ ਮੀਟਿੰਗ ਵਿੱਚ, ਕੌਂਸਲ ਨੇ ਰਣਨੀਤਕ ਦਸਤਾਵੇਜ਼ਾਂ ਦੇ ਡਰਾਫਟ ਨੂੰ ਜਨਤਾ ਮੂਹਰੇ ਪੇਸ਼ ਕਰਨ ਲਈ ਮਨਜ਼ੂਰੀ ਦਿੱਤੀ। ਦਸਤਾਵੇਜ਼ਾਂ ਵਿੱਚ ਇਹ ਕੁਝ ਸ਼ਾਮਲ ਹੈ:

- ਡ੍ਰਾਫਟ ਕੌਂਸਲ ਪਲੈਨ 2021-25 - ਸਾਲ 2 ਦਾ ਰਿਵਿਊ
- ਡ੍ਰਾਫਟ ਸਾਲਾਨਾ ਐਕਸ਼ਨ ਪਲੈਨ 2022-23
- ਡ੍ਰਾਫਟ ਵਿੱਤੀ ਪਲੈਨ ਜਿਸਦੇ ਵਿੱਚ ਸਾਲਾਨਾ ਬਜਟ 2022-23 ਸ਼ਾਮਲ ਹੈ, 10-ਸਾਲਾ ਵਿੱਤੀ ਪਲੈਨ ਸ਼ਾਮਲ ਹੈ ਅਤੇ ਨਾਲ ਹੀ 2022-23 ਕੈਪੀਟਲ ਵਰਕਸ ਪ੍ਰੋਗਰਾਮ ਵੀ ਸ਼ਾਮਲ ਹੈ।

2022/23 ਡ੍ਰਾਫਟ ਬਜਟ ਭਾਈਚਾਰੇ ਦੀਆਂ ਲੋੜਾਂ ਅਤੇ ਉਮੀਦਾਂ ਨੂੰ ਨਾਲ ਲੈਕੇ ਚੱਲਦਾ ਹੈ, ਨਾਲ ਹੀ ਜੋ ਵਿੱਤੀ ਰੁਕਾਵਟਾਂ ਪੈਂਦੀਆਂ ਨੇ ਉਨ੍ਹਾਂ ਨਾਲ ਵੀ ਨਿਪਟਦਾ ਹੈ ਤੇ ਸਭ ਚੁਣੌਤੀਆਂ ਦਾ ਹੱਲ ਕਰਦਾ ਹੈ, ਚੁਣੌਤੀਆਂ ਜਿਵੇਂ ਕਿ ਕੋਵਿਡ-19 ਕਰਕੇ ਆਰਥਿਕ ਵਿਘਨ ਪਏ ਤੇ ਰਾਜ ਸਰਕਾਰ ਨੇ 1.75 ਪ੍ਰਤੀਸ਼ਤ ਦੇ ਰੇਟ ਤੱਕ ਸੀਮਾ ਲਾਈ ਹੈ।

ਡਰਾਫਟ ਦਸਤਾਵੇਜ਼ ਮੰਗਲਵਾਰ, 17 ਮਈ 2022 ਤੱਕ ਫੀਡਬੈਕ ਲਈ ਖੁੱਲ੍ਹੇ ਰਹਿਣਗੇ, ਜਿਸ ਤੋਂ ਬਾਅਦ ਕੌਂਸਲ ਸਾਰੇ ਫੀਡਬੈਕ 'ਤੇ ਚਰਚਾ ਕਰੇਗੀ ਤੇ ਫਿਰ 28 ਜੂਨ 2022 ਨੂੰ ਕੌਂਸਲ ਦੀ ਇੱਕ ਖਾਸ ਮੀਟਿੰਗ ਦੌਰਾਨ ਦਸਤਾਵੇਜ਼ਾਂ ਨੂੰ ਰਸਮੀ ਤੌਰ 'ਤੇ ਅਪਣਾਇਆ ਜਾਏਗਾ।

ਜੇਕਰ ਤੁਸੀਂ ਆਪਣੀ ਗੱਲ ਕਹਿਣਾ ਚਾਹੁੰਦੇ ਹੋ ਅਤੇ ਰਣਨੀਤਕ ਦਸਤਾਵੇਜ਼ਾਂ ਨੂੰ ਪੜ੍ਹਨਾ ਚਾਹੁੰਦੇ ਹੋ ਤਾਂ ਦੇਖੋ ਕਿ ਤੁਹਾਡੇ ਨੇੜੇ ਕਿਹੜੇ ਕੈਪੀਟਲ ਵਰਕਸ ਪ੍ਰੋਜੈਕਟ ਚੱਲ ਰਹੇ ਹਨ, ਇਸ ਲਈ ਸਾਡੇ ਔਨਲਾਈਨ ਇਨਗੇਜਮੈਂਟ ਪੋਰਟਲ, Casey Conversations, 'ਤੇ ਜਾਓ।